بِسۡمِ اللّٰہِ الرَّحۡمٰنِ الرَّحِیۡمِ    نَحۡمَدُہٗ وَنُصَلِّیۡ عَلٰی رَسُوۡلِہِ الۡکَرِیۡمِ    وَعَلٰی عَبۡدِہِ الۡمَسِیۡحِ الۡمَوۡعُوۡدِ

# ਖ਼ੁਲਾਸਾ ਖ਼ੁਤਬਾ ਜੁਮਆ 19.01.2018

**ਵੱਲੋਂ : ਨਜ਼ਾਰਤ ਨਸ਼ਰੋ ਇਸ਼ਾਅਤ ਕਾਦੀਆਂ**

## ਹਰ ਚੀਜ਼ ਦਾ ਅੰਤ ਹੈ ਪਰ ਸਦਾ ਸਲਾਮਤ ਰਹਿਣ ਵਾਲਾ ਵੁਜੂਦ ਕੇਵਲ ਰੱਬ ਦਾ ਵੁਜੂਦ ਹੈ

## ਪਰ ਖ਼ੁਸ਼ਕਿਸਮਤ ਹੁੰਦੇ ਹਨ ਉਹ ਲੋਕ ਜੋ ਰੱਬ ਦੇ ਦਿੱਤੇ ਹੋਏ ਇਸ ਜੀਵਨ ਨੂੰ ਉਦੇਸ਼ਪੂਰਨ ਬਨਾਉਣ ਦਾ ਜਤਨ ਕਰਦੇ ਹਨ ਅਤੇ ਰੱਬ ਦੀ ਰਜ਼ਾ ਹਾਸਲ ਕਰਨ ਦਾ ਜਤਨ ਕਰਦੇ ਹਨ

## ਮੁਹਤਰਮ ਸਾਹਿਬਜ਼ਾਦਾ ਮਿਰਜ਼ਾ ਖ਼ੁਰਸ਼ੀਦ ਅਹਮਦ ਸਾਹਬ ਪੜਪੋਤੇ ਸਯੱਦਨਾ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਦੀ ਵਫ਼ਾਤ'ਤੇ ਆਪਦੀਆਂ ਉਪਲਭਦੀਆਂ ਤੇ ਗੁਣਾ ਦਾ ਇਮਾਨ ਭਰਪੂਰ ਗੁਣਗਾਨ

**ਸਯੱਦਨਾ ਹਜ਼ਰਤ ਅਮੀਰੁਲ ਮੋਮਿਨੀਨ ਖ਼ਲੀਫ਼ਾਤੁਲ ਮਸੀਹ ਖ਼ਾਮਿਸ ਅਯੱਦਾਹੁਲੱਾਹ ਤਆਲਾ ਬਿ ਨਸਰਿਹਿਲ ਅਜ਼ੀਜ਼ ਦੇ ਜੁਮਏ ਦੇ ਖ਼ੁਤਬੇ ਦਾ ਸਾਰ ਜੋ ਆਪ ਜੀ ਨੇ 19 ਜਨਵਰੀ 2018 ਈ. ਨੂੰ ਮਸਜਿਦ ਬੈਤੁਲ ਫ਼ੁਤੂਹ ਮੋਰਡਨ ਲੰਦਨ ਵਿੱਚ ਦਿੱਤਾ ।**

ਤਸ਼ੱਹੁਦ, ਤਊਜ਼ ਅਤੇ ਸੂਰਤ ਫ਼ਾਤਿਹਾ ਦੀ ਤਲਾਵਤ ਦੇ ਬਾਦ ਹਜ਼ੂਰ ਅਨਵਰ ਅਯੱਦਾਹੁਲੱਾਹ ਤਆਲਾ ਬਿ ਨਸਰਿਹਿਲ ਅਜ਼ੀਜ਼ ਨੇ ਫ਼ਰਮਾਇਆ :

ਦੋ ਦਿਨ ਪਹਿਲਾਂ ਇਕ ਦੀਰਘ ਆਯੂ ਸੇਵਕ ਮੁਹਤਰਮ ਮਿਰਜ਼ਾ ਖ਼ੁਰਸ਼ੀਦ ਅਹਮਦ ਸਾਹਬ ਦੀ ਵਫ਼ਾਤ ਹੋਈ, (انااللہ وانا الیہ راجعون) ਇਨੱਾ ਲਿਲੱਾਹਿ ਵ ਇਨੱਾ ਇਲੈਹਿ ਰਾਜਿਊਨ । ਇਹਨਾਂ ਨੂੰ ਰੱਬ ਨੇ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਨਾਲ ਰੂਹਾਨੀ ਅਤੇ ਸ਼ਰੀਰਕ ਦੋਹਾਂ ਰਿਸ਼ਤਿਆਂ ਦਾ ਸਨਮਾਨ ਬਖ਼ਸ਼ਿਆ । ਇਹ ਰੱਬ ਦਾ ਕਾਨੂਨ ਹੈ ਕਿ ਜੋ ਇਸ ਦੁਨੀਆ ਵਿੱਚ ਆਇਆ ਉਸ ਦੇ ਇਕ ਦਿਨ ਇਸ ਦੁਨੀਆ'ਚੋਂ ਜਾਣਾ ਵੀ ਹੈ । ਹਰ ਚੀਜ਼ ਨੂੰ ਫ਼ਨਾ (ਖ਼ਤਮ) ਹੋਣਾ ਹੈ ਅਤੇ ਹਮੇਸ਼ਾ ਰਹਿਣ ਵਾਲਾ ਵੁਜੂਦ ਕੇਵਲ ਇਕ ਰੱਬ ਦਾ ਵੁਜੂਦ ਹੈ, ਪਰ ਖ਼ੁਸ਼ਕਿਸਮਤ ਹੁੰਦੇ ਹਨ ਉਹ ਲੋਕ ਜੋ ਰੱਬ ਦੇ ਦਿੱਤੇ ਹੋਏ ਇਸ ਸੰਸਾਰਕ ਜੀਵਨ ਨੂੰ ਉਦੇਸ਼ਪੂਰਨ ਬਨਾਉਣ ਦਾ ਜਤਨ ਕਰਦੇ ਹਨ ਅਤੇ ਰੱਬ ਦੀ ਰਜ਼ਾ ਪ੍ਰਾਪਤ ਕਰਨ ਦਾ ਜਤਨ ਕਰਦੇ ਹਨ । ਉਹ ਇਸ ਗੱਲ ਨੂੰ ਸਮਝਦੇ ਹਨ ਕਿ ਕਿਸੇ ਨੇਕ ਵਿਅਕਤੀ ਜਾਂ ਵਲੀ ਜਾਂ ਨਬੀ ਦੇ ਨਾਲ ਕੇਵਲ ਸ਼ਰੀਰਕ ਰਿਸ਼ਤਾ ਹੋਣਾ ਹੀ ਉਹਨਾਂ ਦੇ ਜੀਵਨ ਨੂੰ ਉਦੇਸ਼ ਪੂਰਨ ਨਹੀਂ ਬਣਾ ਸਕਦਾ, ਨ ਹੀ ਰੱਬ ਦੀ ਰਜ਼ਾ ਪ੍ਰਾਪਤ ਕਰਨ ਵਾਲਾ ਬਣਾ ਸਕਦਾ ਹੈ ਸਗੋਂ ਮਨੁੱਖ ਦੇ ਆਪਣੇ ਕਰਮ ਅਤੇ ਅਮਲ ਹਨ ਜੋ ਮਨੁੱਖ ਨੂੰ ਰੱਬ ਦੀ ਰਜ਼ਾ ਪ੍ਰਾਪਤ ਕਰਨ ਵਾਲਾ ਬਣਾਉਂਦੇ ਹਨ ।

ਹਜ਼ੂਰ ਅਨਵਰ ਨੇ ਫ਼ਰਮਾਇਆ : ਮੈਂ ਆਪ ਵੀ ਇਸ ਗੱਲ ਨੂੰ ਜਾਣਦਾ ਹਾਂ ਅਤੇ ਬਹੁਤ ਡੂੰਘਾ ਮੇਰਾ ਆਪਣਾ ਵਿਅਕਤਰੀਗੱਤ ਸੰਬੰਧ ਵੀ ਸੀ ਮਿਰਜ਼ਾ ਖ਼ੁਰਸ਼ੀਦ ਅਹਮਦ ਸਾਹਬ ਨਾਲ, ਉਹਨਾਂ ਨੂੰ ਚੰਗੀ ਤਰ੍ਹਾਂ ਦੇਖਣ ਦਾ ਮੌਕਾ ਮਿਲਿਆ । ਬਹੁਤ ਹੀ ਵਿਨਮ੍ਰਤਾ ਨਾਲ ਆਪਣੇ ਵਕਫ਼ ਨੂੰ ਨਿਭਾਉਣ ਵਾਲੇ ਅਤੇ ਕੰਮ ਨੇਪਰੇ ਚਾੜ੍ਹਨ ਦਾ ਜਤਨ ਕਰਨ ਵਾਲੇ ਸਨ । ਕਦੇ ਪਰਿਵਾਰਕ ਉਤੱਮਤਾ (ਫ਼ਖ਼ਰ)

ਦਾ ਪ੍ਰਗਟਾਵਾ ਨਹੀਂ ਕੀਤਾ । ਬੀਤੇ ਸਾਲ ਜਲਸੇ ਉਪੱਰ ਏਥੇ ਆਏ ਹੋਏ ਸਨ, ਏਥੇ ਉਹਨਾਂ ਨੇ ਮੇਰੇ ਨਾਲ ਵੀ ਅੰਜਾਮ ਬਖ਼ੈਰ (ਚੰਗਾ ਅੰਤ) ਹੋਣ ਦੀ ਚਿੰਤਾ ਪ੍ਰਕਟ ਕੀਤੀ ।

ਵਕਫ਼ (ਜਮਾਤ ਲਈ ਸਮਰਪਿਤ) ਦੀ ਰੂਹ ਨੂੰ ਸਮਝਦਿਆਂ ਹੋਇਆਂ ਕੰਮ ਕਰਨ ਵਾਲੇ ਬੁਜ਼ੁਰਗ ਸਨ । 85 ਸਾਲ ਦੀ ਉਮਰ ਸੀ । ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਦੇ ਪੜਪੋਤੇ ਹਜ਼ਰਤ ਮਿਰਜ਼ਾ ਸੁਲਤਾਨ ਅਹਮਦ ਸਾਹਬ ਜੋ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਦੇ ਸਭ ਤੋਂ ਵੱਡੇ ਸਾਹਿਬਜ਼ਾਦੇ ਸਨ ਉਹਨਾਂ ਦੇ ਪੋਤੇ ਸਨ ਅਤੇ ਹਜ਼ਰਤ ਮਿਰਜ਼ਾ ਅਜ਼ੀਜ਼ ਅਹਮਦ ਸਾਹਬ ਰਜ਼ੀ ਅਲੱਾਹ ਅਨਹੁ ਦੇ ਸਾਹਿਬਜ਼ਾਦੇ ਸਨ । ਹਜ਼ਰਤ ਮਿਰਜ਼ਾ ਅਜ਼ੀਜ਼ ਅਹਮਦ ਸਾਹਬ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਦੇ ਉਹ ਪੋਤੇ ਹਨ ਜਿੰਨ੍ਹਾ ਨੇ ਆਪਣੇ ਪਿਤਾ ਤੋਂ ਪਹਿਲਾਂ ਆਪ ਦੀ ਬੈਅਤ ਕੀਤੀ ਸੀ ।

12 ਸਤੰਬਰ 1932 ਈ. ਨੂੰ ਲਹੌਰ ਵਿੱਚ ਪੈਦਾ ਹੋਏ ਸਨ ਅਤੇ 21 ਅਪ੍ਰੈਲ 1945 ਈ. ਨੂੰ ਉਹਨਾਂ ਨੇ ਸਾਢੇ ਬਾਰ੍ਹਾਂ ਸਾਲ ਦੀ ਉਮਰ ਵਿੱਚ 'ਵਕਫ਼ੇ ਜ਼ਿੰਦਗੀ' (ਜੀਵਨ ਸਮਰਪਣ) ਦਾ ਫ਼ਾਰਮ ਪੁਰ ਕੀਤਾ, ਜਿਸ ਸਮੇਂ ਆਪ ਨੌਵੀਂ ਕਲਾਸ ਵਿੱਚ ਪੜ੍ਹਦੇ ਸਨ । ਫਿਰ ਮੈਟ੍ਰਿਕ ਕਾਦੀਆਂ ਦੇ ਹਾਈ ਸਕੂਲ ਤੋਂ ਕੀਤੀ, ਫਿਰ ਟੀ.ਆਈ. ਕਾਲਜ ਤੋਂ ਸਿੱਖਿਆ ਪ੍ਰਾਪਤ ਕੀਤੀ ਅਤੇ ਫਿਰ ਇਸ ਦੇ ਬਾਦ ਹਜ਼ਰਤ ਮੁਸਲਿਹ ਮੌਊਦ ਰਜ਼ੀ ਅਲੱਹ ਅਨਹੁ ਦੇ ਆਦੇਸ਼'ਤੇ ਗਵਰਮੈਂਟ ਕਾਲਜ ਲਾਹੌਰ ਤੋਂ ਐਮ.ਏ. ਇੰਗਲਿਸ਼ ਕੀਤੀ । 10 ਸਤੰਬਰ 1956 ਈ. ਨੂੰ ਜੀਵਨ ਸਮਰਪਣ ਦੇ ਰੂਪ ਵਿੱਚ ਆਪ ਨੇ ਟੀ.ਆਈ.ਕਾਲਜ ਰਬਵਾਹ ਨੂੰ ਜਾਇਨ ਕੀਤਾ ਅਤੇ 17 ਸਾਲ ਅੰਗ੍ਰੇਜ਼ੀ ਵਿਭਾਗ ਵਿੱਚ ਬਤੌਰ ਅਧਿਆਪਕ ਕਰਤਵ ਨਿਭਾਉਂਦੇ ਰਹੇ । ਬਹੁਤ ਮਿਹਨਤ ਨਾਲ ਲੈਕਚਰ ਤਿਆਰ ਕਰਦੇ ਸਨ । ਮੈਂ ਵੀ ਉਹਨਾਂ ਤੋਂ ਪੜ੍ਹਿਆਂ ਹੋਇਆ ਹਾਂ ਅਤੇ ਬਹੁਤ ਸਾਰੇ ਵਿਦਿਆਰਥੀਆਂ ਨੇ ਮੈਨੂੰ ਲਿੱਖਿਆ ਕਿ ਬਹੁਤ ਮਿਹਨਤ ਕਰਕੇ ਆਉਂਦੇ ਸਨ ਅਤੇ ਬਹੁਤ ਹੀ ਮਿਹਨਤ ਨਾਲ ਪੜ੍ਹਾਉਂਦੇ ਸਨ । ਉਹਨਾਂ ਨੂੰ ਆਪਣੇ ਵਿਸ਼ੇ ਉਪੱਰ ਪੂਰੀ ਪਕੜ ਪ੍ਰਾਪਤ ਸੀ, ਇਸ ਲਈ ਸਟੂਡੈਂਟ ਉਹਨਾਂ ਨੂੰ ਪਸੰਦ ਕਰਦੇ ਸਨ । 1964 ਈ. ਵਿੱਚ ਇੰਗਲਿਸ਼ ਫ਼ਨੇਟਿਕ ਕੋਰਸ ਲਈ ਬ੍ਰਿਟਿਸ਼ ਕੌਂਸਲ ਦੀ ਸਕਾਲਰਸ਼ਿਪ'ਤੇ ਇਕ ਸਾਲ ਲਈ ਇੰਗਲੈਂਡ ਆਏ ਏਥੇ ਲੀਡਜ਼ ਯੂਨੀਵਰਸਿਟੀ ਵਿੱਚ ਸਿੱਖਿਆ ਪ੍ਰਾਪਤ ਕੀਤੀ । ਉਹਨਾਂ ਦੀਆਂ ਕੁਝ ਜਮਾਤੀ ਸੇਵਾਵਾਂ ਪੇਸ਼ ਕਰਦਾ ਹਾਂ । 1974 ਈ. ਵਿੱਚ ਹੰਗਾਮੀ ਹਾਲਾਤਾਂ ਵਿੱਚ ਮੁਕੱਰਮ ਸਾਹਿਬਜ਼ਾਦਾ ਮਿਰਜ਼ਾ ਖ਼ੁਰਸ਼ੀਦ ਅਹਮਦ ਸਾਹਬ ਨੇ ਹਜ਼ਰਤ ਖ਼ਲੀਫ਼ਾਤੁਲ ਮਸੀਹ ਸਾਲਸ ਦੀ ਸਹਾਇਤਾ ਕੀਤੀ ਅਰਥਾਤ ਉਹਨਾਂ ਦੀ ਸੇਵਾ ਲਈ ਹਰ ਸਮੇਂ ਦੋ ਤਿੰਨ ਮਹੀਨੇ ਤੱਕ ਕਸਰੇ ਖ਼ਿਲਾਫ਼ਤ ਵਿੱਚ ਹੀ ਰਹੇ । ਇਸੇ ਪ੍ਰਕਾਰ ਹਜ਼ਰਤ ਮੁਸਲਿਹ ਮੌਊਦ ਰਜ਼ੀ ਅਲੱਾਹ ਅਨਹੁ ਦੀ ਮਨਜ਼ੂਰੀ ਨਾਲ ਰਬਵਾ ਵਿੱਚ ਯਤੀਮ ਤੇ ਅਸਹਾਏ ਬੱਚਿਆਂ ਦੀ ਨਿਗਰਨੀ ਅਤੇ ਸੀਖ ਸਿੱਖਿਆ ਲਈ 1962 ਈ. ਦੇ ਮੱਧ ਵਿੱਚ ਇਕ ਬੋਰਡਿੰਗ (ਰਹਿਣ ਦੀ ਥਾਂ) 'ਅਲਨੁਸਰਤ' ਦੀ ਸਥਾਪਨਾ ਕੀਤੀ ਗਈ । ਬਾਦ ਵਿੱਚ ਹਜ਼ਰਤ ਖ਼ਲੀਫ਼ਾਤੁਲ ਮਸੀਹ ਸਾਲਸ ਰਹਿਮਾਹੁਲੱਾਹ ਤਆਲਾ ਨੇ ਇਸ ਦਾ ਨਾਂ 'ਮੱਦੇ ਇਮਦਾਦ ਤੁਲਬਾ' ਰੱਖਿਆ । ਇਸ ਵਿਭਾਗ ਦੇ 1978 ਈ. ਤੋਂ ਜੁਲਾਈ 1983 ਈ. ਤੱਕ ਆਪ ਨਿਗਰਾਨ ਰਹੇ ।

30 ਅਪ੍ਰੈਲ 1973 ਈ. ਵਿੱਚ ਆਪ ਨਾਜ਼ਿਰ ਖ਼ਿਦਮਤੇ ਦਰਵੇਸ਼ਾਂ ਨਿਯੁਕਤ ਹੋਏ ਅਤੇ ਇਕ ਮਈ 1976 ਈ. ਤੋਂ 1988 ਈ. ਤੱਕ ਆਪ ਬਤੌਰ ਐਡਿਸ਼ਨਲ ਨਾਜ਼ਿਰ ਆਲਾ ਦੀ ਸੇਵਾ ਨਿਭਾਉਂਦੇ ਰਹੇ । ਵੱਖ ਵੱਖ ਕਮੇਟੀਆਂ ਦੇ ਮੈਂਬਰ ਦੇ ਰੂਪ ਵਿੱਚ ਵੀ ਸੇਵਾ ਨਿਭਾਉਣ ਦਾ ਸੁਭਾਗ ਪ੍ਰਾਪਤ ਹੋਇਆ । ਅਕਤੂਬਰ 1988 ਈ. ਤੋਂ ਸਤੰਬਰ 1991 ਈ. ਤੱਕ ਬਤੌਰ ਨਾਜ਼ਿਰ ਅਮੂਰ ਆਮਾ ਸੇਵਾ ਕੀਤੀ। ਅਗਸਤ 1992 ਈ. ਤੋਂ ਮਈ 2003 ਈ. ਤੱਕ ਨਾਜ਼ਿਰ ਅਮੂਰਿ ਖ਼ਾਰਜਾ ਰਹੇ । ਅਤੇ ਇਸ ਦੇ ਬਾਦ ਮੇਰੀ ਖ਼ਿਲਾਫ਼ਤ ਸਮੇਂ ਮੈਂ ਇਹਨਾਂ ਨੂੰ ਨਾਜ਼ਿਰ ਆਲਾ ਨਿਯੁਕਤ ਕੀਤਾ ਅਤੇ ਅਮੀਰ ਮੁਕਾਮੀ ਰਬਵਾ ਵੀ । ਬਹੁਤ ਹੀ ਸੋਹਣੇ ਢੰਗ ਨਾਲ ਇਹਨਾਂ ਨੇ ਸੇਵਾ ਨਿਭਾਈ । ਮਜਲਿਸੇ ਇਫ਼ਤਾਅ ਦੇ ਵੀ ਮੈਂਬਰ ਰਹੇ । ਬਾਰ੍ਹਾਂ ਤੇਰ੍ਹਾਂ ਸਾਲ ਕਜ਼ਾ ਬੋਰਡ ਦੇ ਵੀ ਮੈਂਬਰ ਰਹੇ । 1973 ਈ. ਵਿੱਚ ਇਹਨਾਂ ਨੂੰ ਰੱਬ ਨੇ ਹੱਜ ਦਾ ਫ਼ਰਜ਼ ਪੂਰਾ ਕਰਨ ਦਾ ਵੀ ਸੌਭਾਗ ਪ੍ਰਦਾਨ ਕੀਤਾ ।

ਇਹਨਾਂ ਦਾ ਨਿਕਾਹ 26 ਦਸੰਬਰ 1955 ਈ. ਨੂੰ ਹਜ਼ਰਤ ਖ਼ਲੀਫ਼ਾਤੁਲ ਮਸੀਹ ਸਾਨੀ ਰਜ਼ੀ ਅਲੱਹ ਅਨਹੁ ਨੇ ਪੜ੍ਹਇਆ ਸੀ । ਹਜ਼ਰਤ ਖ਼ਲੀਫ਼ਾਤੁਲ ਮਸੀਹ ਸਾਨੀ ਰਜ਼ੀ ਅਲੱਾਹ ਅਨਹੁ ਨੇ ਖ਼ੁਤਬੇ ਵਿੱਚ ਫ਼ਰਮਾਇਆ ਕਿ ਇਹ ਲੜਕਾ ਵੀ ਸਾਡੇ ਪਰਿਵਾਰ ਵਿੱਚੋਂ ਵਕਫ਼ ਹੈ । ਮਿਰਜ਼ਾ ਅਜ਼ੀਜ਼ ਅਹਮਦ ਸਾਹਬ ਨੂੰ ਰੱਬ ਨੇ ਸੰਜੋਗ ਪ੍ਰਦਾਨ ਕੀਤਾ ਕਿ ਉਹ ਆਪਣੇ ਇਸ ਬੱਚੇ ਨੂੰ ਅਲਾ ਸਿੱਖਿਆ

ਦੁਆਉਣ, ਇਓਂ ਇਹ ਲੜਕਾ ਐਮ.ਏ. ਵਿੱਚ ਪੜ੍ਹ ਰਿਹਾ ਹੈ, ਅੰਗ੍ਰੇਜ਼ੀ ਵਿੱਚ ਐਮ.ਏ. ਦੀ ਪ੍ਰੀਖਿਆ ਦੇ ਰਿਹਾ ਹੈ ਅਤੇ ਕਹਿੰਦੇ ਹਨ ਕਿ ਅੰਗ੍ਰੇਜ਼ੀ ਵਿੱਚ ਬਹੁਤ ਯੋਗ ਹੈ । ਮੇਰਾ ਨਿਸ਼ਚਾ ਹੈ ਕਿ ਬਾਦ ਵਿੱਚ ਕਾਲਜ ਵਿੱਚ ਪ੍ਰੋਫ਼ੈਸਰ ਦੇ ਰੂਪ ਵਿੱਚ ਕੰਮ ਕਰੇ ਅਤੇ ਫਿਰ ਇਹ ਵੀ ਫ਼ਰਮਾਇਆ ਸੀ ਕਿ ਅਨੁਵਾਦ ਕਰਨ ਵਿੱਚ ਵੀ ਕੰਮ ਆਉਂਣਗੇ ।

ਰੱਬ ਨੇ ਇਹਨਾਂ ਨੂੰ ਛੇ ਪੁੱਤਰੀਆਂ ਨਾਲ ਨਿਵਾਜ਼ਿਆ, ਚਾਰ ਪੁੱਤਰ ਇਹਨਾ ਦੇ ਵਕਫ਼ ਹਨ ਦੋ ਡਾਕਟਰ ਹਨ । ਇਕ ਨਜ਼ਾਰਤ ਤਾਲੀਮ ਵਿੱਚ ਨਾਇਬ ਨਾਜ਼ਿਰ ਹਨ । ਉਹਨਾਂ ਨੇ ਪੀ.ਐਚ.ਡੀ. ਕੀਤੀ ਹੋਈ ਹੈ ਅਤੇ ਇਸੇ ਪ੍ਰਕਾਰ ਇਕ ਮਸ਼ੀਰੇ ਕਾਨੂਨੀ ਦੇ ਦਫ਼ਤਰ ਵਿੱਚ ਹਨ ਅਸਿਸਟੈਂਟ ਦੇ ਰੂਪ ਵਿੱਚ, ਉਹਨਾਂ ਨੇ ਲਾਅ ਪਾਸ ਕੀਤਾ ਹੋਇਆ ਹੈ । ਜ਼ੈਲੀ (ਅਧੀਨ) ਤੰਜ਼ੀਮਾ ਵਿੱਚ ਵੱਖ ਵੱਖ ਰੁਤਬਿਆਂ ਨਾਲ ਕੰਮ ਕਰਨ ਦਾ ਸੰਜੋਗ ਪ੍ਰਾਪਤ ਹੋਇਆ । ਸਨ 2000 ਤੋਂ 2003 ਈ. ਤੱਕ ਸਦਰ ਅੰਸਾਰੁਲੱਾਹ ਪਾਕਿਸਤਾਨ ਵੀ ਰਹੇ । ਇਹਨਾ ਦੇ ਇਕ ਪੁੱਤਰ ਡਾਕਟਰ ਮਿਰਜ਼ਾ ਸੁਲਤਾਨ ਅਮਹਦ ਲਿਖੱਦੇ ਹਨ ਕਿ ਇਹਨਾਂ ਨੂੰ ਹਜ਼ਰਤ ਖ਼ਲੀਫ਼ਾਤੁਲ ਮਸੀਹ ਸਾਨੀ ਨਾਲ ਅਥਾਹ ਪਿਅਰ ਸੀ । ਕੁਝ ਸਾਲ ਪਹਿਲਾਂ ਇਹ ਓਕਾੜੇ ਗਏ ਹੋਏ ਸਨ । ਇਕ ਪੁੱਤਰ ਇਹਨਾਂ ਨੂੰ ਲੈਂਣ ਲਈ ਗਏ, ਡਾਕਟਰ ਨੂਰੀ ਵੀ ਨਾਲ ਸਨ, ਰਸਤੇ ਵਿੱਚ ਹੀ ਮੁਲਾਕਾਤ ਹੋ ਗਈ । ਮਿਰਜ਼ਾ ਖ਼ੁਰਸ਼ੀਦ ਸਾਹਬ ਕਹਿਣ ਲੱਗੇ ਕਿ ਸਾਰੇ ਰਸਤੇ ਮੈਂ ਦੁਆ ਕਰਦਾ ਰਿਹਾ ਕਿ ਮੈਂ ਰਬਵੇ ਪਹੁੰਚ ਜਾਵਾਂ, ਹਜ਼ਰਤ ਖ਼ਲੀਫ਼ਾਤੁਲ ਮਸੀਹ ਸਾਨੀ ਦੇ ਕਦਮਾ ਵਿੱਚ ਜਾਨ ਨਿਕਲੇ ਅਰਥਾਤ ਉਹ ਨਗਰੀ ਜਿੱਥੇ ਆਪ ਦਫ਼ਨ ਹਨ ਅਤੇ ਜੋ ਆਪ ਜੀ ਨੇ ਵਸਾਈ । ਇਹ ਸੀ ਇਸ਼ਕ ਤੇ ਪ੍ਰੇਮ ਦੀ ਕਥਾ ਹਜ਼ਰਤ ਖ਼ਲੀਫ਼ਾਤੁਲ ਮਸੀਹ ਨਾਲ ।

ਇਹਨਾਂ ਦੇ ਪੁੱਤਰ ਲਿਖੱਦੇ ਹਨ ਕਿ ਜੱਦ ਇਹ ਬਿਮਾਰ ਹੋਏ ਤਾਂ ਇਕ ਰਾਤ ਬਹੁਤ ਬੇਚੈਨੀ ਨਾਲ ਉਠੱਕੇ ਬੈਠ ਗਏ ਅਤੇ ਕਹਿਣ ਲੱਗੇ ਹੁਣੇ ਮੈਂ ਇਕ ਲੰਮਾ ਸੁਪਨੇ ਦੇਖਿਆ ਹੈ ਕਿ ਕਈ ਲੋਕ ਹਜ਼ਰਤ ਖ਼ਲੀਫ਼ਾਤੁਲ ਮਸੀਹ ਸਾਨੀ ਉਪੱਰ ਇਤਰਾਜ਼ ਕਰ ਰਹੇ ਹਨ ਅਤੇ ਲੋਕ ਇਸ ਦਾ ਉਤੱਰ ਨਹੀਂ ਦੇ ਰਹੇ, ਇਸ ਕਰਕੇ ਆਪ ਬਹੁਤ ਪ੍ਰੇਸ਼ਾਨ ਸਨ ਕਿ ਲੋਕ ਉਤੱਰ ਕਿਉਂ ਨਹੀਂ ਦੇ ਰਹੇ ਅਤੇ ਫਿਰ ਇਸੇ ਬੇਚੈਨੀ ਵਿੱਚ ਸੁੱਤੇ ਵੀ ਨਹੀਂ । ਅਧਿਕਤਰ ਇਹ ਕਿਹਾ ਕਰਦੇ ਸਨ ਕਿ ਹਜ਼ਰਤ ਖ਼ਲੀਫ਼ਾਤੁਲ ਮਸੀਹ ਸਾਨੀ ਨਾਲ ਵਿਰੋਧੀਆਂ ਨੂੰ ਕ੍ਰੋਧ ਬਹੁਤ ਅਧਿਕ ਹੈ ਸਗੋਂ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਤੋਂ ਵੀ ਅਧਿਕ ਹੈ ।

ਉਹਨਾਂ ਦੇ ਪੁੱਤਰ ਵਰਨਣ ਕਰਦੇ ਹਨ ਕਿ 1984 ਈ. ਦੇ ਖ਼ਤਰਨਾਕ ਸਮੇਂ ਵਿੱਚ ਇਹ ਹਜ਼ਰਤ ਖ਼ਲੀਫ਼ਾਤੁਲ ਮਸੀਹ ਰਾਬੇ ਦੀ ਜੋ ਟੀਮ ਸੀ ਉਸ ਵਿੱਚ ਵੀ ਸ਼ਾਮਲ ਸਨ, ਆਪ ਨੂੰ ਵੀ ਇਹ ਸਨਮਾਨ ਪ੍ਰਾਪਤ ਹੋਇਆ ਕਿ ਜੱਦ ਹਜ਼ਰਤ ਖ਼ਲੀਫ਼ਾਤੁਲ ਮਸੀਹ ਰਾਬੇ ਨੇ ਹਿਜਰਤ ਕੀਤੀ ਹੈ ਤਾਂ ਰਬਵਾ ਤੋਂ ਕਰਾਚੀ ਤੱਕ ਆਪ ਵੀ ਇਸ ਕਾਫ਼ਲੇ (ਜੱਥੇ) ਵਿੱਚ ਸ਼ਾਮਲ ਸਨ । ਇਸੇ ਪ੍ਰਕਾਰ ਰੋਗੀ ਹੁੰਦਿਆਂ ਹੋਇਆਂ ਵੀ 2010 ਈ. ਵਿੱਚ ਜੱਦ 28 ਮਈ ਦੀ ਘਟਨਾ ਹੋਈ ਹੈ ਲਾਹੌਰ ਵਿੱਚ ਹੰਗਾਮੀ ਹਾਲਾਤਾਂ ਵਿੱਚ ਇਕ ਤਾਂ ਇਹ ਕਿ ਬਹੁਤ ਹਿਮੱਤ ਨਾਲ ਸਾਰੇ ਮਾਮਲੇ ਨੂੰ ਸੰਭਾਲਿਆ ਫਿਰ ਹਰ ਸ਼ਹੀਦ ਦਾ ਜੋ ਜਨਾਜ਼ਾ ਆਉਦਾ ਸੀ, ਗਰਮੀ ਹੁੰਦਿਆਂ ਹੋਇਆਂ ਵੀ ਆਪ ਖ਼ੁਦ ਉਸ ਦੀ ਨਮਾਜ਼ ਜਨਾਜ਼ਾਹ ਪੜ੍ਹਾਉਂਦੇ ਸਨ ਅਤੇ ਤਦਫ਼ੀਨ ਲਈ ਜਾਂਦੇ ਸਨ ।

ਇਸੇ ਪ੍ਰਕਾਰ ਮਰਤਬਿਆਂ ਦਾ ਖ਼ਿਆਲ ਆਪ ਨੂ ਬਹੁਤ ਸੀ । ਉਹਨਾਂ ਦੇ ਬੇਟੇ ਮਿਰਜ਼ਾ ਅਦੀਲ ਅਹਮਦ ਲਿਖੱਦੇ ਹਨ ਕਿ ਲੋਕਲ ਰਬਵਾ ਰਿਪੋਰਟਸ ਜੱਦ ਅਸੀਂ ਭਿਜਵਾਉਦੇ ਸੀ ਜਾਂ ਕਿਸੇ ਦਿਨ ਇਹ ਉਲੰਘਣਾ ਹੋ ਗਈ ਕਿ ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲਮ ਨੇ ਨਾਂ ਨਾਲ ਕੇਵਲ 'ਸ' ਲਿੱਖ ਦਿੱਤਾਂ ਗਿਆ ਅਤੇ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਦੇ ਨਾਲ ਅਲੈਹਿ ਸਲਾਮ ਪੂਰਾ ਲਿੱਖਿਆ ਗਿਆ, ਇਸ'ਤੇ ਆਪ ਨੇ ਵਿਸ਼ੇਸ਼ ਰੂਪ ਵਿੱਚ ਧਿਆਨ ਦੁਆਇਆ ਕਿ ਮਰਤਬੇ ਦਾ ਪੂਰਾ ਪੂਰਾ ਧਿਆਨ ਰਖੱਣਾ ਚਾਹੀਦਾ ਹੈ ਅਤੇ ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲਮ ਪੂਰਾ ਲਿੱਖਿਆ ਕਰਨ । ਨਮਾਜ਼ਾਂ ਦੀ ਬਹੁਤ ਪਾਬੰਦੀ ਕਰਦੇ । ਬਹੁਤ ਮਜਬੂਰੀ ਦੀ ਅਵਸਥਾ ਵਿੱਚ ਨਮਾਜ਼ਾ ਜਮਾ ਕੀਤੀਆਂ ਜਾਂਦੀਆਂ । ਅਖ਼ੀਰਲੀ ਬਿਮਾਰੀ ਵਿੱਚ ਵੀ ਜੱਦ ਹਸਪਤਾਲ ਵਿੱਚ ਦਾਖ਼ਲ ਸਨ ਤਾਂ ਸਿਵਾਏ ਕੁਝ ਇਕ ਨਮਾਜ਼ਾਂ ਦੇ ਸਾਰੀਆਂ ਨਮਾਜ਼ਾਂ ਆਪਣੇ ਸਮੇਂ'ਤੇ ਵੱਖ ਵੱਖ ਪੜ੍ਹੀਆਂ ।

ਨਾਜ਼ਿਰ ਆਲਾ ਸਨ । ਬਹੁਤ ਜ਼ਿੰਮੇਦਾਰੀ ਹੁੰਦੀ ਹੈ ਨਾਜ਼ਿਰ ਆਲਾ ਦੀ । ਜਮਾਤੀ ਕੇਸਜ਼ ਬਾਰੇ ਬਹੁਤ ਬਹੁਤ ਚਿੰਤਾ ਸੀ । ਵਾਰ ਵਾਰ ਪੁਛੱਦੇ ਸਨ ਹਸਪਤਾਲ ਵਿੱਚ ਵੀ ਕਿ ਫ਼ਲਾਨੇ ਫ਼ਲਾਨੇ ਕੇਸ ਦੀ ਕੀ ਮਿਤੀ ਹੈ ਅਤੇ ਕੀ ਅਪਡੇਟ ਹੈ । ਇਸੇ ਪ੍ਰਕਾਰ ਬਤੌਰ ਨਾਜ਼ਿਰ ਆਲਾ ਅਤੇ ਅਮੀਰ ਮੁਕਾਮੀ ਲੋਕ ਖ਼ੁਸ਼ੀਆਂ ਤੇ ਵਿਆਹਾਂ ਦੇ ਮੌਕਿਆਂ'ਤੇ ਬੁਲਾਉਂਦੇ ਤਾਂ ਜ਼ਰੂਰ ਜਾਂਦੇ ਸਨ ਕਿ ਇਹ ਮੇਰੇ ਕਰਤਵ ਵਿੱਚ

ਦਾਖ਼ਲ ਹੋ ਗਿਆ ਹੈ ਕਿਉਂਕਿ ਸਮੇਂ ਦੇ ਖ਼ਲੀਫ਼ਾ ਦੀ ਨੁਮਾਇੰਦਗੀ ਕਰ ਰਿਹਾ ਹਾਂ । ਇਸੇ ਪ੍ਰਕਾਰ ਦੁਖਾਂ ਤੇ ਗ਼ਮੀ ਦੇ ਮੌਕਿਆ ਉਪੱਰ ਵੀ ਲੋਕਾਂ ਕੋਲ ਜਾਇਆ ਕਰਦੇ ਸਨ । ਫਿਰ ਲੋੜਵੰਦਾ ਕੋਲ ਰੋਗੀਆਂ ਕੋਲ ਪੁਛੱਣ ਜਾਇਆ ਕਰਦੇ ਸਨ ਅਤੇ ਬਿਮਾਰ ਹੁੰਦਿਆਂ ਹੋਇਆਂ ਵੀ ਸਮੇਂ'ਤੇ ਦਫ਼ਤਰ ਆਉਣਾ ਅਤੇ ਪੂਰਾ ਸਮਾਂ ਰਹਿਣਾ ਕੰਮ ਕਰਨਾ ਉਹਨਾ ਦਾ ਵਿਸ਼ੇਸ਼ ਸਿਧੱਾਂਤ ਸੀ । ਉਹਨਾਂ ਨੂੰ ਇਹ ਮਾਣ ਵੀ ਪ੍ਰਾਪਤ ਹੋਇਆ ਕਿ ਹਜ਼ਰਤ ਖ਼ਲੀਫ਼ਾਤੁਲ ਮਸੀਹ ਸਾਲਸ ਰਹਿਮਾਹੁਲੱਾਹ ਤਆਲਾ ਦੀ ਨਮਾਜ਼ ਜਨਾਜ਼ਾਹ ਆਪ ਨੇ ਪੜ੍ਹਾਈ ਅਤੇ ਇਸ਼ਨਾਨ ਦੇਣ ਦਾ ਸਨਮਾਨ ਵੀ ਪ੍ਰਾਪਤ ਹੋਇਆ । ਬੀਤੇ ਸਾਲ ਉਹਨਾ ਦੀ ਪਤਨੀ ਵੀ ਫ਼ੌਤ ਹਈ, ਇਸ ਦੇ ਬਾਦ ਇਹ ਵਾਹਵਾ ਬਿਮਾਰ ਹੋ ਗਏ, ਦਿਲ ਦੇ ਕਸ਼ਟ ਪਹਿਲਾਂ ਵੀ ਚਲ ਰਹੇ ਸਨ । ਮੈਂ ਕਿਹਾ ਜਲਸੇ'ਤੇ ਆ ਜਾਣ । ਉਹਨਾਂ ਨੂੰ ਵਿਚਾਰ ਸੀ ਕਿ ਸ਼ਾਇਦ ਮੈਂ ਜਾਤਰਾ ਨ ਕਰ ਸਕਾਂ ਪਰ ਆ ਗਏ । ਏਥੇ ਆਣਕੇ ਉਹਨਾ ਦਾ ਸਵਾਸਥ ਚੰਗਾ ਹੋ ਗਿਆ ਬਹੁਤ ਸਵਸਥ ਤੇ ਖ਼ੁਸ਼ ਰਹੇ । ਮੈਂਨੂੰ ਪ੍ਰਤੀਦਿਨ ਰਾਤ ਨੂੰ ਮਿਲਣ ਲਈ ਆਇਆ ਕਰਦੇ ਸਨ ।

ਮੁਕਰੱਮਾ ਫ਼ੌਜ਼ੀਆ ਸ਼ਮੀਮ ਸਾਹਿਬਾ ਸਦਰ ਲਜਨਾ ਲਾਹੌਰ ਕਹਿੰਦੀ ਹਨ, ਇਹ ਹਜ਼ਰਤ ਨਵਾਬ ਅਮਤੁਲ ਹਫ਼ੀਜ਼ ਬੇਗ਼ਮ ਸਾਹਿਬਾ ਦੀ ਬੇਟੀ ਹਨ ਜੋ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਦੀ ਸਭ ਤੋਂ ਛੋਟੀ ਬੇਟੀ ਸਨ ਕਹਿੰਦੀ ਹਨ ਕਿ ਨਾਜ਼ਿਰ ਆਲਾ ਬਣਨ ਦੇ ਬਾਦ ਉਹਨਾਂ ਦੀਆਂ ਖ਼ੂਬੀਆਂ ਨਿਖੱੜਕੇ ਸਾਹਮਣੇ ਆਈਆਂ, ਅਤਿਅੰਤ ਵਿਨਮ੍ਰ ਧਰਮ ਦੇ ਸੇਵਕ ਸਨ । ਮੈਂ ਕਈ ਵਾਰ ਕੰਮ ਲਈ ਆਪ ਨੂੰ ਫ਼ੋਨ ਕੀਤੇ । ਜੇਕਰ ਮੀਟਿੰਗ ਵਿੱਚ ਹੁੰਦੇ ਤਾਂ ਦੁਬਾਰਾ ਫ਼ੋਨ ਕਰ ਲੈਂਦੇ । ਕਈ ਵਾਰ ਅਜਿਹਾ ਹੋਇਆ ਕਿ ਮੇਰੇ ਕੋਲ ਅਚਨਚੇਤ ਮਰਯੱਮ ਫ਼ੰਡ ਦਾ ਬੇਨਤੀ ਪਤੱਰ ਆਇਆ ਅਤੇ ਤੁਰੰਤ ਮਦਦ ਦੀ ਮੰਗ ਹੋਈ, ਮੈਂ ਫ਼ੋਨ ਕਰਦੀ ਤੇ ਖਿਮਾ ਮੰਗਦੀ ਅਤੇ ਮਜਬੂਰੀ ਦਸੱਦੀ ਤਾਂ ਅਤਿਅੰਤ ਸਹਿਨਸ਼ੀਲਤਾ ਨਾਲ ਕਹਿੰਦੇ ਕਿ ਅਮੀਰ ਸਾਹਬ ਤੋਂ ਪੈਸੇ ਲੈ ਲਓ ਜਾਂ ਆਪ ਖ਼ੁੱਦ ਪ੍ਰਬੰਧ ਕਰ ਲਓ, ਰਕਮ ਭਿਜਵਾ ਦਿਆਂਗਾ, ਬਹੁਤ ਹਮਦਰਦ ਸਨ । ਕਹਿੰਦੀ ਹਨ ਕਿ ਮੈਂ ਆਪ ਜਿਹਾ ਕੋਈ ਹਮਦਰਦ ਨਹੀਂ ਦੇਖਿਆ । ਕਹਿੰਦੀ ਹਨ ਮੈਂ ਜੱਦ ਵੀ ਆਪ ਤੋਂ ਸਲਾਹ ਮੰਗੀ ਬਹੁਤ ਹੀ ਢੁਕੱਵੀਂ ਸਲਾਹ ਦਿੱਤੀ, ਅਤਿਅੰਤ ਦੁਆ ਕਰਨ ਵਾਲੇ ਅਤੇ ਹੁਣ ਅਜਿਹਾ ਬਜ਼ੁਰਗ ਕਿੱਥੇ ਮਿਲੇਗਾ । ਚੌਧਰੀ ਹਮੀਦੁਲੱਾਹ ਸਾਹਬ ਵਕੀਲੇ ਆਲਾ ਤਹਿਰੀਕੇ ਜਦੀਦ ਇਹਨਾ ਬਾਰੇ ਲਿਖੱਦੇ ਹਨ ਕਿ ਤਾਲੀਮ ਉਲ ਇਸਲਾਮ ਕਾਲਜ ਜੱਦ 1954 ਈ. ਵਿੱਚ ਲਾਹੌਰ ਤੋਂ ਰਬਵੇ ਬਦਲਿਆ ਤਾਂ ਜੋ ਅੰਗ੍ਰੇਜ਼ੀ ਪੜ੍ਹਾਉਣ ਵਾਲੇ ਗ਼ੈਰ ਅਹਮਦੀ ਅਧਿਆਪਕ ਸਨ ਉਹ ਲਾਹੌਰ ਵਿੱਚ ਹੀ ਰਹਿ ਗਏ ਰਬਵਾਹ ਨਹੀਂ ਆਏ । ਇਸ ਦੇ ਬਾਦ ਮਿਰਜ਼ਾ ਖ਼ੁਰਸ਼ੀਦ ਸਾਹਬ ਨੇ ਹੀ 1956 ਈ. ਵਿੱਚ ਅੰਗ੍ਰਾਜ਼ੀ ਵਿਭਾਗ ਨੂੰ ਆਰਗੇਨਾਈਜ਼ ਕੀਤਾ । ਆਪ ਦੀ ਆਪਣੀ ਇੰਗਲਿਸ਼ ਬਹੁਤ ਚੰਗੀ ਸੀ ਸਾਨੂੰ ਚੇਤੇ ਹੈ ਕਿ ਆਪ ਦੇ ਦੌਰ ਵਿੱਚ ਕਾਲਜ ਵਿੱਚ ਇੰਗਲਿਸ਼ ਦਾ ਮਿਆਰ ਬਹੁਤ ਚੰਗਾ ਹੋਇਆ ।

ਨਜ਼ਾਰਤ ਉਲੀਆ ਵਿੱਚ ਹੀ ਮੁਰੱਬੀ ਸਾਹਬ ਜੋ ਕੰਮ ਕਰਦੇ ਹਨ । ਖ਼ਵਾਜਾ ਮੁਜ਼ਫ਼ਰ ਅਹਮਦ ਸਾਹਬ ਕਹਿੰਦੇ ਹਨ ਕਿ ਆਪ ਨੇ ਲੰਮੇ ਰੋਗ ਦਾ ਅਤਿਅੰਤ ਹੌਸਲੇ ਤੇ ਹਿਮੱਤ ਨਾਲ ਮੁਕਾਬਲਾ ਕੀਤਾ । ਆਪ ਅਤਿਅੰਤ ਮਿਹਾਰਬਾਨ ਬਾਪ ਤੋਂ ਵਧੱਕੇ ਕ੍ਰਿਪਾਲੂ ਤੇ ਮਿਹਰਵਾਨ ਅਤੇ ਲੋਕ ਸੇਵਾ ਦੇ ਮਹਾਨ ਅਸਥਾਨ ਉਪੱਰ ਵਿਰਾਜਮਾਨ ਸਨ । ਅਨੇਕਾਂ ਵਾਰੀ ਮੈਂਨੂੰ ਤਜਰਬਾ ਹੋਇਆ ਕਿ ਜੱਦ ਕੋਈ ਲੋੜਵੰਦ ਪੁਰਸ਼ ਜਾਂ ਇਸਤਰੀ ਆਪ ਕੋਲ ਆਉਂਦਾ ਆਪ ਨਾਲ ਮੁਲਾਕਾਤ ਕਰਾਈ ਜਾਂਦੀ ਆਪ ਰਾਸ਼ਨ ਚਾਰਪਾਈ ਟੀਵੀ ਬਿਸਤਰ ਦੀ ਜਾਂ ਆਰਥਕ ਮਦਦ ਦੀ ਮਨਜ਼ੂਰੀ ਦੇ ਦਿੰਦੇ ਪਰ ਕਈ ਵਾਰ ਲੋੜਵੰਦ ਦੇ ਜਾਣ ਦੇ ਬਾਦ ਮੈਂਨੂੰ ਰੋਕ ਦਿੰਦੇ, ਅਤੇ ਕਹਿੰਦੇ ਕਿ ਇਹਨਾਂ ਦੇ ਘਰ ਜਾਕੇ ਪਤਾ ਕਰੋ ਅਤੇ ਫਿਰ ਇਹਨਾ ਬਾਰੇ ਮੈਂਨੂੰ ਦੱਸੋ । ਮੁਰੱਬੀ ਸਾਹਬ ਕਹਿੰਦੇ ਹਨ ਕਿ ਦੂਜੇ ਦਿਨ ਜੱਦ ਮੈਂ ਰਿਪੋਰਟ ਦਿੰਦਾ ਤਾਂ ਕਹਿੰਦੇ ਕਿ ਦਿਲ ਕਹਿੰਦਾ ਸੀ ਕਿ ਇਹ ਬਹੁਤੇ ਲੋੜਵੰਦ ਹਨ ਅਤੇ ਇਹਨਾਂ ਦੀ ਐਨ੍ਹੀ ਮਦਦ ਨਹੀਂ ਕੀਤੀ ਗਈ ਹੈ । ਅਤਿਅੰਤ ਪਰਉਪਕਾਰੀ ਤੇ ਠਰ੍ਹਮੇਂ ਸੁਭਾਵ ਵਾਲੇ ਚਿਹਰੇ ਉਪੱਰ ਮੁਸਕਾਨ, ਵਿਨਮ੍ਰਤਾ, ਚਸ਼ਮ ਪੋਸ਼ੀ, ਦਰਗੁਜ਼ਰ ਕਰਨ ਵਾਲੇ ਸਨ । ਕਿਸੇ ਸ਼ਿਕਾਇਤ ਕਰਨ ਵਾਲੇ ਜਾਂ ਸ਼ੰਕੇ ਦੀ ਜਾਂ ਕਿਸੇ ਦੀ ਇਛੱਾ ਅਨੁਸਾਰ ਇਛੱਾ ਪੂਰੀ ਨ ਹੋ ਸਕਣ'ਤੇ ਪਿਆਰ ਨਾਲ ਧਿਆਨ ਦੁਆਉਂਦੇ । ਦੇਰ ਤੱਕ ਬਹੁਤ ਠਰ੍ਹਮੇ ਨਾਲ ਗੱਲ ਸੁਣਦੇ ਅਤੇ ਇਹ ਹੌਸਲੇ ਨਾਲ ਗੱਲ ਸੁਣਨਾ ਹਰ ਜਮਾਤੀ ਉਹਦੇਦਾਰ ਦਾ ਕਰਤਵ ਹੈ । ਜੇਕਰ ਹੌਸਲੇ ਨਾਲ ਲੋਕਾਂ ਦੀਆਂ ਗਲੱਾਂ ਸੁਣੀਆਂ ਜਾਣ ਤਾਂ ਅਨੇਕਾਂ ਹੀ ਸਮਸਿਆਵਾਂ ਸਗੋਂ ਸ਼ੰਕੇ ਦੂਰ ਹੋ ਜਾਂਦੇ ਹਨ ।

ਫਿਰ ਚੇਤਾ ਵੀ ਬਹੁਤ ਸ਼ਲਾਘਾ ਯੋਗ ਸੀ ਇਹਨਾ ਦਾ । ਸੋਚ ਚਿੰਤਨਸ਼ੀਲ ਸੀ । ਸੈਂਕੜਿਆਂ ਪਤੱਰਾਂ ਅਤੇ ਰਿਪੋਰਟਾਂ ਨੂੰ ਪ੍ਰਤੀਦਿਨ ਦੇਖਦੇ ਪਰ ਵਾਰ ਵਾਰ ਅਜਿਹਾ ਹੁੰਦਾ ਕਿ ਕੋਈ ਮਾਮਲਾ ਕਈ ਮਹੀਨੇ ਪਹਿਲਾਂ ਫ਼ਾਇਲ ਹੋ ਚੁਕਿਆ ਹੁੰਦਾ ਅਤੇ ਕਈ ਮਹੀਨਿਆਂ ਬਾਦ

ਬਿਨਤੀ ਕਰਤਾ ਦੁਆ ਜਾਂ ਹੋਰ ਵਧੇਰੇ ਕਾਰਵਾਈ ਲਈ ਪੁਛੱਦਾ ਤਾਂ ਉਹ ਕਲਰਕ ਤਾਂ ਕੰਪਯੂਟਰ ਵਿੱਚ ਭਾਲ ਰਹੇ ਹੁੰਦੇ ਸਨ ਅਤੇ ਉਹਨਾਂ ਨੂੰ ਚੇਤੇ ਹੁੰਦਾ ਸੀ ਕਿ ਕੀ ਕਾਰਵਾਈ ਹੋਈ ਹੈ ਜਾਂ ਕੀ ਆਦੇਸ਼ ਦਿਤੱਾ ਗਿਆ ਹੈ ਅਤੇ ਕਿੰਨ੍ਹੇ ਕਾਗ਼ਜ਼ ਸਨ ਅਤੇ ਕਿੱਥੇ ਹੋਣਗੇ ਸੰਭਵਤਾ ਆਪਣੇ ਦਫ਼ਤਰ ਦੀਆਂ ਫ਼ਾਈਲਾਂ ਵੀ ਉਹਨਾਂ ਨੂੰ ਚੇਤੇ ਰਹਿੰਦੀਆਂ ਸਨ ।

ਅਮੀਰ ਜ਼ਿਲਾ ਖ਼ੋਸ਼ਾਬ ਮੁਨਵੱਰ ਮਜੋਕਾ ਸਾਹਬ ਕਹਿੰਦੇ ਹਨ ਇਕ ਛੋਟਾ ਜਿਹੀ ਗੱਲ ਵਰਨਣ ਕਰਦਾ ਹਾਂ ਜੋ ਮੇਰੇ ਮਨ ਵਿੱਚ ਮਹਾਨ ਸ਼ਖ਼ਸੀਯਤ ਦੇ ਅਮਿਟ ਨਿਸ਼ਾਨ ਛੱਡ ਗਿਆ ਹੈ । ਲਗਭਗ 2015 ਈ. ਦੇ ਅਰੰਭ ਦੀ ਗੱਲ ਹੈ ਮੈਂ ਆਪਣੇ ਦਫ਼ਤਰ ਵਿੱਚ ਬੈਠਾ ਸੀ ਕਿ ਦੋ ਗ਼ਰੀਬ ਇਸਤਰੀਆਂ ਜਿੰਨ੍ਹਾ ਦਾ ਸੰਬੰਧ ਖ਼ੋਸ਼ਾਬ ਤੋਂ ਸੀ ਮੇਰੇ ਕੋਲ ਆਈਆਂ ਅਤੇ ਕਿਹਾ ਕਿ ਸਾਨੂੰ ਨਾਜ਼ਿਰ ਸਾਹਬ ਆਲਾ ਨੇ ਆਪ ਦੇ ਕੋਲ ਭੇਜਿਆ ਹੈ ਕਿ ਸਾਡੀ ਇਮਦਾਦ ਦੀ ਬਿਨਤੀ ਉਪੱਰ ਅਮੀਰ ਜ਼ਿਲਾ ਦੀ ਸ਼ਫ਼ਾਰਸ਼ ਅਤੇ ਹਸਤਾਖ਼ਰ ਕਰ ਦੇਣ । ਕਹਿੰਦੇ ਹਨ ਮੈਂ ਉਹਨਾਂ ਇਸਤਰੀਆਂ ਨਾਲ ਗੱਲ ਕੀਤੀ, ਉਹਨਾਂ ਦੀ ਗੱਲ ਸੁਣੀ, ਇੰਟਵਿਊ ਲਿਆ ਤਾਂ ਇਹ ਨਿਰਣਾ ਲਿਆ ਕਿ ਇਹਨਾ ਦੀ ਮਦਦ ਜ਼ਿਲੇ ਪਧੱਰ'ਤੇ ਕਰ ਦਿਆਂਗੇ, ਬਜਾਏ ਇਸਦੇ ਕਿ ਕੇਂਦਰ ਨੂੰ ਭਿਜਾਇਆ ਜਾਏ ਅਤੇ ਇਹਨਾਂ ਦੋਹਾਂ ਨੂੰ ਆਪਣੇ ਜ਼ਿਲੇ ਦੇ ਸੈਕ੍ਰੇਟਰੀ ਅਮੂਰ ਆਮਾ ਕੋਲ ਭੇਜ ਦਿਤੱਾ ਅਤੇ ਇਹਨਾ ਦੀ ਮਦਦ ਵੀ ਹੋ ਗਈ । ਦੂਜੇ ਦਿਨ ਕਹਿੰਦੇ ਹਨ ਕਿ ਮੈਂ ਆਪਣੇ ਦਫ਼ਤਰ ਵਿੱਚ ਬੈਠਾ ਸੀ ਕਿ ਮੀਆਂ ਸਾਹਬ ਦਾ ਫ਼ੋਨ ਆ ਗਿਆ ਅਤੇ ਮੈਥੋਂ ਪੁੱਛਿਆ ਕਿ ਕਲ ਆਪ ਕੋਲ ਆਪਦੇ ਜ਼ਿਲੇ ਦੀਆਂ ਦੋ ਗ਼ਰੀਬ ਇਸਤਰੀਆਂ ਹਸਤਾਖਰਾਂ ਤੇ ਸਫ਼ਾਰਸ਼ ਲਈ ਭਿਜਵਾਈਆਂ ਗਈਆਂ ਸਨ, ਉਹ ਅੱਜ ਵੀ ਦੂਜੇ ਦਿਨ ਮੇਰੇ ਕੋਲ ਵਾਪਸ ਮਦਦ ਲੈਂਣ ਲਈ ਨਹੀਂ ਆਈਆਂ ਅਤੇ ਮੈਂਨੂੰ ਬੇਚੈਨੀ ਹੈ ਕਿ ਆਪ ਨੇ ਉਹਨਾਂ ਨੂੰ ਵਾਪਸ ਨਾ ਭਿਜਵਾ ਦਿਤੱਾ ਹੋਵੇ, ਸੋ, ਉਹਨਾਂ ਦੀ ਸ਼ਫਾਰਸ਼ ਕਰਕੇ ਮੇਰੇ ਕੋਲ ਭਿਜਵਾਉਣ ਤਾਂ ਜੋ ਸਮੇਂ ਸਿਰ ਉਹਨਾਂ ਦੀ ਮਦਦ ਹੋ ਸਕੇ । ਕਹਿੰਦੇ ਹਨ ਇਸ'ਤੇ ਮੈਂ ਬਿਨਤੀ ਕੀਤ ਕਿ ਕਿਉਕਿ ਅਸੀਂ ਜ਼ਿਲੇ ਪਧੱਰ'ਤੇ ਉਹਨਾਂ ਦੀ ਮਦਦ ਕਰ ਦਿੱਤੀ ਸੀ, ਇਸ ਲਈ ਉਹ ਆਪਦੇ ਕੋਲ ਮੁੜ ਨਹੀਂ ਭੇਜਿਆ । ਅਮੀਰ ਸਾਹਬ ਲਿਖੱਦੇ ਹਨ ਕਿ ਇਸ ਛੋਟੀ ਜਿਹੀ ਘਟਨਾ ਨਾਲ ਆਪ ਦੀ ਗ਼ਰੀਬ ਪਰਵਰੀ ਅਤੇ ਲੋਕ ਸੇਵਾ ਅਤੇ ਛੋਟੇ ਛੋਟੇ ਕਾਰਜਾਂ ਦਾ ਖ਼ਿਆਲ ਰਖੱਣਾ ਆਪ ਦੀ ਮਹਾਨ ਸ਼ਖ਼ਸੀਯਤ ਲਈ ਇਕ ਸਾਧਾਰਣ ਜਿਹੀ ਸ਼ਰਧਾਂਜਲੀ ਹੈ । ਇਹ ਅਹਿਸਾਸ ਹੈ ਜੋ ਸਾਡੇ ਹਰ ਉਹਦੇਦਾਰ ਵਿੱਚ ਪੈਦਾ ਹੋਣਾ ਚਾਹੀਦਾ ਹੈ ਕਿ ਕਿਵੇਂ ਕੰਮ ਕਰਨਾ ਹੈ ਕੇਵਲ ਇਹ ਨਹੀਂ ਕਿ ਕੰਮ ਲਈ ਭੇਜ ਦਿਤੱਾ ਸਗੋਂ ਜੋ ਵੀ ਬੇਨਤੀ ਪਤੱਰ ਆਉਂਦਾ ਹੈ ਉਹ ਬੇਨਤੀ ਪਤੱਰ ਦੇਣ ਵਾਲਾ ਆਪ ਫ਼ਾਲੋਅਪ ਕਰਨ ਦਾ ਜਤਨ ਕਰਦਾ ਹੈ ਪਰ ਉਹਦੇਦਾਰ ਨੂੰ ਵੀ ਜੱਦ ਤੱਕ ਉਸ'ਤੇ ਕਾਰਵਾਈ ਨ ਹੋ ਜਾਏ ਅਤੇ ਸ਼ਿਕਾਇਤ ਦੂਰ ਨ ਹੋ ਜਾਏ ਜਾਂ ਜੋ ਮਾਮਲਾ ਹੈ ਉਹ ਸੰਪੂਰਨ ਨ ਹੋ ਜਾਏ ਉਸ ਸਮੇਂ ਤੱਕ ਉਸ ਮਾਮਲੇ ਨੂੰ ਦੇਖਣਾ ਚਾਹੀਦਾ ਹੈ ਅਤੇ ਜਤਨ ਕਰਕੇ ਹਲ ਕਰਨਾ ਚਾਹੀਦਾ ਹੈ ਬਜਾਏ ਇਸਦੇ ਕਿ ਸਿਰੋਂ ਟਾਲਿਆ ਜਾਵੇ । ਜੇਕਰ ਇਹ ਆਦਤ ਪੈਦਾ ਹੋ ਜਾਵੇ ਹਰ ਉਹਦੇਦਾਰ ਵਿੱਚ ਜਿਵੇਂ ਕਿ ਮੈਂ ਪਹਿਲਾਂ ਵੀ ਕਿਹਾ ਹੈ ਬਹੁਤ ਸਾਰੀਆਂ ਸਮੱਸਿਆਵਾਂ ਦੂਰ ਹੋ ਸਕਦੀਆਂ ਹਨ । ਹਾਫ਼ਿਜ਼ ਮੁਜ਼ਫ਼ੱਰ ਅਹਮਦ ਸਾਹਬ ਲਿਖੱਦੇ ਹਨ ਕਿ ਜਮਾਤ ਨਾਲ ਨਮਾਜ਼ ਪੜ੍ਹਨ ਦੀ ਵਿਵਸਥਾ ਵਿੱਚ ਆਪ ਇਕ ਵਿਸ਼ੇਸ਼ ਸੁੰਦਰ ਨਮੂਨਾ ਸਨ । ਸਦਰ ਅੰਸਾਰੁਲੱਾਹ ਜੱਦ ਬਣੇ ਤਾਂ ਵਾਰ ਵਾਰ ਹਰ ਮੀਟਿੰਗ ਵਿੱਚ ਜਮਾਤ ਨਾਲ ਨਮਾਜ਼ ਪੜ੍ਹਨ ਤੇ ਨਮਾਜ਼ ਦੀ ਅਦਾਇਗੀ ਵੱਲ ਧਿਆਨ ਦੁਆਉਦੇ ਸਨ ਅਤੇ ਆਪ ਵੀ ਸਗੋਂ ਇਹ ਕਹਿੰਦੇ ਸਨ ਕਿ ਤੁਸੀਂ ਲੋਕ ਕਹੋਗੇ ਕਿ ਕੇਵਲ ਇਕ ਹੀ ਗੱਲ'ਤੇ ਸੂਈ ਅਟਕੀ ਰਹਿੰਦੀ ਹੈ, ਪਰ ਮੈਂ ਕੀ ਕਰਾਂ ਇਸ ਜ਼ਿੰਮੇਦਾਰੀ ਦਾ ਹੱਕ ਜੱਦ ਤੱਕ ਪੂਰਾ ਨਹੀਂ ਹੁੰਦਾ ਮੇਰਾ ਕਰ ਕਰਤਵ ਹੈ ਕਿ ਮੈਂ ਚੇਤੇ ਕਰਾਉਂਦਾ ਰਹਾਂ ਅਤੇ ਉਹਦੇਦਾਰਾਂ ਨੂੰ ਵੀ ਚਾਹੀਦਾ ਹੈ, ਮੈਂ ਦੇਖਿਆ ਹੈ ਕਈ ਉਹਦੇਦਾਰ ਵੀ ਜਮਾਤ ਨਾਲ ਨਮਾਜ਼ ਤਾਂ ਵੱਖ ਰਹੀ ਕਈ ਵਾਰ ਨਮਾਜ਼ਾਂ ਵੀ ਛੱਡ ਦਿੰਦੇ ਹਨ ।

ਮਲਕ ਮੁਹਮੱਦ ਅਫ਼ਜ਼ਲ ਸਾਹਬ ਮੁਰੱਬੀ ਸਿਲਸਿਲਾ ਕਹਿੰਦੇ ਹਨ, ਮੂੰਹ ਝੁਕਾਈ ਮਸਜਿਦ ਵਿੱਚ ਬੈਠਣਾ ਰਮਜ਼ਾਨ ਮੁਬਾਰਕ ਦੇ ਮਹੀਨੇ ਵਿੱਚ ਬਕਾਇਦਗੀ ਨਾਲ ਅਸਰ ਦੀ ਨਮਾਜ਼ ਦੇ ਬਾਦ ਮਸਜਿਦ ਮੁਬਾਰਕ ਵਿੱਚ ਕੁਰਆਨ ਕਰੀਮ ਦੇ ਦਰਸ ਵਿੱਚ ਵਿਲੀਨ ਹੋਣਾ, ਜੇਕਰ ਕੋਈ ਆਪਣਾ ਮਸਲਾ ਉਹਨਾਂ ਦੇ ਪਾਸ ਪੇਸ਼ ਕਰਦਾ ਤਾਂ ਉਸ ਦੇ ਮਸਲੇ ਨੂੰ ਖ਼ੁਸ਼ੀ ਤੇ ਤਸੱਲੀ ਨਾਲ ਸੁਣਨਾ ਅਤੇ ਉਸ ਦੇ ਮਸਲੇ ਦਾ ਹਲ ਕਢੱਣਾ ਇਹ ਸਾਰੇ ਤਜਰਬੇ ਹਨ ਜੋ ਪ੍ਰਤੀਦਿਨ ਰਬਵਾ ਦੇ ਲੋਕ ਅਵਲੋਕਣ ਕਰਦੇ ਸਨ । ਕਹਿੰਦੇ ਹਨ ਜਾਮਿਆ ਦੀ ਪੜ੍ਹਾਈ ਸਮੇਂ ਇਕ ਵਾਰ ਬਹੁਤ ਹੀ ਪ੍ਰੇਸ਼ਾਨੀ ਵਿੱਚ ਮੈਂ ਸੀ ਅਤੇ ਮਾਮਲਾ ਮੇਰੇ ਸਮਝ ਤੋਂ ਬਾਹਰ ਸੀ ਦੁਆ ਹੀ ਅੰਤਮ ਹਲ ਸੀ । ਕਹਿੰਦੇ ਹਨ ਮੈਂ ਮੁਕਰੱਮ ਮਿਰਜ਼ਾ ਖ਼ੁਰਸ਼ੀਦ ਅਹਮਦ ਸਾਹਬ ਦੀ ਸੇਵਾ ਵਿੱਚ ਉਨਾਂ ਦੇ ਦਫ਼ਤਰ ਗਿਆ ਅਤਿਅੰਤ ਮਸਰੂਫ਼ ਹੋਣ ਦੇ ਬਾਦ ਵੀ ਮੈਂਨੂੰ ਆਪਣੇ

ਕਮਰੇ ਵਿੱਚ ਬੁਲਾਇਆ, ਆਪ ਨੇ ਕਮਾਲ ਹੱਦ ਤੱਕ ਵਿਨਮ੍ਰਤਾ ਦਾ ਪ੍ਰਕਟਨ ਕੀਤਾ ਅਤੇ ਬਹੁਤ ਸਮਾਂ ਮੈਨੂੰ ਦਿਤੱਾ । ਇਸ ਦੇ ਬਾਦ ਜੱਦ ਉਹਨਾਂ ਦੇ ਦਫ਼ਤਰ ਤੋਂ ਬਾਹਰ ਨਿਕਲਿਆ ਹਾਂ ਤਾਂ ਮਨ ਉਪੱਰ ਪਏ ਬੋਝ ਨੂੰ ਬਹੁਤ ਹੋਲ੍ਹਾ ਅਨੁਭਵ ਕੀਤਾ ਅਤੇ ਮਨ ਵਿੱਚ ਇਕ ਨਵੀਂ ਆਸ਼ਾ ਲੈਕੇ ਉਹਨਾ ਦੇ ਕਮਰੇ ਵਿੱਚੋਂ ਬਾਹਰ ਨਿਕਲਿਆ । ਇਹ ਹੈ ਉਹ ਤਸਲੀ ਜੋ ਹਰ ਉਹਦੇਦਾਰ ਨਾ ਕਰਤਵ ਹੋਣਾ ਚਾਹੀਦਾ ਹੈ ।

ਮੁਰੱਬੀ ਸਿਲਸਿਲਾ ਬੱਦੋਮਲਹੀ ਮਸਊਦ ਸਾਹਬ ਕਹਿੰਦੇ ਹਨ ਕਿ ਮੀਆਂ ਸਾਹਬ ਨਾਲ ਕਈ ਮੁਲਾਕਾਤਾਂ ਹੋਈਆਂ, ਹਰ ਮੁਲਾਕਾਤ ਪ੍ਰੇਮ ਤੇ ਮਿਹਰ ਦਾ ਸਾਗਰ ਰਖੱਦੀ ਹੈ । ਆਪ ਹਰਮਨ ਪ੍ਰੇਮ ਕਰਨ ਵਾਲੇ ਅਤਿਅੰਤ ਵਿਨਮ੍ਰ ਤੇ ਉਚੱ ਆਚਰਣ ਦੇ ਮਾਲਕ ਸਨ । ਆਜਜ਼ੀ ਤੇ ਵਿਨਮ੍ਰਤਾ ਦੇ ਮੁਜਸੱਮੇ ਸਨ, ਦਫ਼ਤਰ ਵਿੱਚ ਮੁਲਾਕਾਤ ਲਈ ਆਉਣ ਵਾਲੇ ਹਰ ਮਨੁੱਖ ਨਾਲ ਕੁਰਸੀਂ ਤੋਂ ਉਠੱਕੇ ਸਲਾਮ ਕਰਦੇ ਅਤੇ ਹੱਥ ਮਿਲਾਉਣ ਦਾ ਸੁਭਾਗ ਪ੍ਰਦਾਨ ਕਰਦੇ, ਭਾਵੇਂ ਛੋਟਾ ਬਚੱਾ ਹੀ ਕਿਉਂ ਨ ਹੋਵੇ ਜੋ ਵੀ ਮੁਲਾਕਾਤ ਲਈ ਆਉਂਦਾ ਆਪ ਆਪਣੇ ਜ਼ਰੂਰੀ ਕੰਮ ਛਡੱਕੇ ਵੀ ਬਹੁਤ ਧਿਆਨ ਨਾਲ ਦਿਲਚਸਪੀ ਨਾਲ ਉਸ ਦੀ ਗੱਲ ਸੁਣਦੇ ਅਤੇ ਉਹਨਾਂ ਵਿੱਚ ਘੁੱਲ ਜਾਂਦੇ । ਇਸ ਲਈ ਹਰ ਕੋਈ ਆਪ ਕੋਲ ਫ਼ਰਿਆਦ ਲੈਕੇ ਆਉਂਦਾ । ਇਹ ਹਰ ਇਕ ਨੇ ਇਸੇ ਪ੍ਰਕਾਰ ਲਿੱਖਿਆ ਹੈ । ਆਪ ਦਫ਼ਤਰ ਵਿੱਚ ਗ਼ਰੀਬ ਅਮੀਰ ਉਹਦੇਦਾਰ ਜਾਂ ਸਾਧਾਰਣ ਅਮਹਦੀ ਹਰ ਇਕ ਨਾਲ ਇਕੋ ਜਿਹਾ ਵਰਤਾਉ ਕਰਦੇ ਸਨ ਹਰ ਇਕ ਦੀ ਗੱਲ ਉਪੱਰ ਅਜਿਹਾ ਡੋਰੀ ਪ੍ਰਤੀਕ੍ਰਮ ਦਿਖਾਉਂਦੇ ਜਿਵੇਂ ਇਹ ਵਿਅਕਤੀ ਸਭ ਤੋਂ ਮਹਤੱਵਪੂਰਨ ਹੈ ।

ਹਜ਼ੂਰ ਅਨਵਰ ਨੇ ਫ਼ਰਮਾਇਆ : ਕੁਝ ਸਾਲ ਹੋਏ ਮੈਂ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਦੇ ਪਰਿਵਾਰ ਦੇ ਲੋਕਾਂ ਨੂੰ ਇਕ ਪਤੱਰ ਲਿੱਖਿਆ ਜਿਸ ਵਿੱਚ ਉਹਨਾਂ ਦੀਆਂ ਜ਼ਿੰਮੇਦਾਰੀਆਂ ਦਾ ਅਹਿਸਾਸ ਉਹਨਾਂ ਨੂੰ ਦੁਆਇਆ । ਕੁਝ ਸ਼ਿਕਾਇਤਾਂ ਜੋ ਮੇਰੇ ਤੱਕ ਪਹੁੰਚੀਆਂ ਸਨ, ਉਹਨਾ ਬਾਰੇ ਸਾਧਾਰਣ ਤੌਰ'ਤੇ ਦੂਰ ਕਰਨ ਲਈ ਨਸੀਹਤ ਕੀਤੀ । ਇਹ ਪਤੱਰ ਜੱਦ ਪਾਕਿਸਤਾਨ ਭੇਜਿਆ ਤਾਂ ਉਹਨਾਂ ਨੂੰ ਕਿਹਾ ਕਿ ਜੋ ਲੋਕ ਖ਼ਾਨਦਾਨ ਦੇ ਓਥੇ ਹਨ ਉਹਨਾਂ ਨੂੰ ਇਕਤੱਰ ਕਰਕੇ ਇਹ ਮੇਰਾ ਪਤੱਰ ਪੜ੍ਹ ਦੇਣ । ਜੱਦ ਇਹ ਪਤੱਰ ਉਹਨਾਂ ਨੇ ਖ਼ਾਨਦਾਨ ਦੇ ਲੋਕਾਂ ਦੇ ਸਾਹਮਣੇ ਪੜ੍ਹਿਆ ਤਾਂ ਬਹੁਤ ਹੀ ਜਜ਼ਬਾਤੀ ਰੂਪ ਵਿੱਚ ਇਹ ਵੀ ਫ਼ਰਮਾਇਆ ਕਿ ਮੈਂ ਸਪਸ਼ਟ ਕਰ ਦਿਆਂ ਕਿ ਮੇਰੀ ਸੰਤਾਨ ਵੀ ਇਹਨਾ ਚੀਜਾਂ ਤੋਂ ਪਾਕ ਨਹੀਂ ਹੈ ਜਿੰਨ੍ਹਾ ਨੂੰ ਚਿੰਨ੍ਹਿਤ ਕੀਤਾ ਗਿਆ ਹੈ, ਮੈਂ ਉਹਨਾਂ ਨੂੰ ਵੀ ਅਤੇ ਉਹਨਾਂ ਦੀ ਸੰਤਾਨ ਨੂੰ ਵੀ ਨਸੀਹਤ ਕਰਦਾ ਹਾਂ ਕਿ ਇਹ ਕਮਜ਼ੋਰੀਆਂ ਸਾਨੂੰ ਦੂਰ ਕਰਨੀਆਂ ਚਾਹੀਦੀਆਂ ਹਨ ਅਤੇ ਸਮੇਂ ਦੇ ਖ਼ਲੀਫ਼ਾ ਸਾਹਬ ਜੋ ਸਾਡੇ ਕੋਲੋਂ ਆਸ਼ਾ ਰਖੱਦੇ ਹਨ ਉਸ ਉਪੱਰ ਪੂਰਾ ਉਤਰਨ ਦਾ ਜਤਨ ਕਰਨਾ ਚਾਹੀਦਾ ਹੈ । ਸੋ, ਇਹ ਸਨ ਉਹਨਾਂ ਦੀ ਸਚੱਾਈ ਅਤੇ ਸੰਜਮਤਾ ਦੇ ਮਿਆਰ । ਅਲੱਾਹ ਤਆਲਾ ਉਹਨਾਂ ਦੀ ਸੰਤਾਨ ਨੂੰ ਉਹਨਾਂ ਦੀਆਂ ਨੇਕੀਆਂ ਨੂੰ ਕਾਇਮ ਰਖੱਣ ਦੀ ਤੌਫ਼ੀਕ ਪਦਾਨ ਕਰੇ । ਅਲੱਾਹ ਤਆਲਾ ਜਮਾਤ ਨੂੰ ਅਤੇ ਖ਼ਿਲਾਫ਼ਤੇ ਅਹਮਦੀਆ ਨੂੰ ਵਫ਼ਾਦਾਰ, ਇਮਾਨਦਾਰ ਅਤੇ ਸੰਜਮਤਾ ਉਪੱਰ ਚਲੱਣ ਵਾਲੇ ਸਹਾਇਕ ਪ੍ਰਦਾਨ ਕਰਦਾ ਰਹੇ ।

ਮੁਕਰੱਮ ਮਿਰਜ਼ਾ ਅਨਸ ਅਹਮਦ ਸਾਹਬ ਨੇ ਉਹਨਾਂ ਦੇ ਬਾਰੇ ਲਿੱਖਿਆ ਹੈ ਕਿ ਲਿਖੱਦੇ ਹਨ ਕਿ ਭਾਈ ਖ਼ੁਰਸ਼ੀਦ ਸਾਰੀ ਉਮਰ ਖ਼ਿਲਾਫ਼ਤ ਦੇ ਪੈਰ੍ਹਾਂ'ਚ ਬੈਠਕੇ ਅਖੀਰੀ ਸਮੇਂ ਤੱਕ ਸਿਲਸਿਲੇ (ਜਮਾਤ) ਦੀ ਸੇਵਾ ਕਰਦੇ ਰਹੇ । ਅਲੱਾਹ ਤਆਲਾ ਉਹਨਾਂ ਦੇ ਦਰਜੇ ਬੁਲੰਦ ਕਰੇ ਅਤੇ ਉਹਨਾਂ ਦੀਆਂ ਸੇਵਾਂ ਨੂੰ ਪਰਵਾਨ ਕਰੇ ਅਤੇ ਬੇਸ਼ੁਮਾਰ ਆਪਣੀਆਂ ਰਹਿਮਤਾਂ ਤੇ ਮਿਹਰਾਂ ਦੇ ਪਰਛਾਈਂ ਵਿੱਚ ਰੱਖੇ । ਉਹਨਾਂ ਨੇ ਤਾਂ ਆਪਣਾ ਹੱਕ ਪੂਰਾ ਕਰ ਦਿਤੱਾ । ਇਹ ਬਿਲਕੁਲ ਸਹੀ ਲਿੱਖਿਆ ਹੈ ਉਹਨਾਂ ਨੇ, ਨਿਸ਼ਚੇ ਹੀ ਉਹਨਾਂ ਨੇ ਆਪਣਾ ਹੱਕ ਪੂਰਾ ਕਰ ਦਿਤੱਾ । ਅਲੱਾਹ ਤਆਲਾ ਸਾਨੂੰ ਸਾਰਿਆਂ ਨੂੰ ਵੀ ਆਪਣੇ ਹੱਕ ਪੂਰੇ ਕਰਨ ਅਤੇ ਨਿਭਾਉਣ ਦੀ ਤੌਫ਼ੀਕ ਪ੍ਰਦਾਨ ਕਰੇ । ਨਮਾਜ਼ਾਂ ਦੇ ਬਾਦ ਮੈਂ ਉਹਨਾਂ ਦੀ ਨਮਾਜ਼ ਜਨਾਜ਼ਾ ਗਾਇਬ ਵੀ ਪੜ੍ਹਾਵਾਂਗਾ । ਇੰਸ਼ਾਅਲੱਾਹ ।

**Khulasa Khutba Jumma 19.01.2018**
Delivered By : Hadhrat Khalifatul Masih Vth (atba)
Summarized by : Majlis Ansarullah Bharat
Tarnslated by : Shamshad Ahmad Eden, from Punjabi Desk
From : Nazarat Nashr-o-Isha'at Qadian-143516, Distt. Gurdaspur, Punjab (INDIA)